# ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ

**ਮੀਮੋ ਨੰ: Transfer Cell/2025/322388/੨੧੬੬** **ਮਿਤੀ:** ੦੫.੦੮.੨੦੨੫

**ਜਨਤਕ ਸੂਚਨਾਂ**

1.0 ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ 11/35/2018-1edu6/1508658, ਮਿਤੀ 25.06.2019 ਰਾਹੀਂ ਅਧਿਆਪਕਾਂ ਦੀ Teachers Transfer Policy-2019 ਜਾਰੀ ਕੀਤੀ ਗਈ ਸੀ ਅਤੇ ਉਸ ਉਪਰੰਤ ਸਮੇਂ ਸਮੇਂ ਤੇ ਸੋਧਾਂ ਜਾਰੀ ਕੀਤੀਆਂ ਗਈਆਂ ਸਨ।

2.0 ਇਸ ਤੋਂ ਇਲਾਵਾ Punjab ICT Education Society (PICTES) ਅਧੀਨ ਕੰਮ ਕਰ ਰਹੇ ਕੰਪਿਊਟਰ ਫੈਕਲਟੀ ਲਈ ਤਬਾਦਲਾ ਨੀਤੀ ਮੀਮੋ ਨੰ 5/3-ICT-2019/Trans/303800, ਮਿਤੀ 13.09.2019 ਅਤੇ ਨਾਨ ਟੀਚਿੰਗ ਸਟਾਫ ਲਈ ਤਬਾਦਲਾ ਨੀਤੀ ਮੀਮੋ ਨੰ: 2/14/2020-2edu3/2020487/1 ਮਿਤੀ 27.05.2020 ਜਾਰੀ ਕੀਤੀ ਗਈ ਸੀ। ਜੋ ਸੋਧਾਂ ਅਧਿਆਪਕਾਂ ਦੇ ਤਬਾਦਲਿਆਂ ਲਈ ਜਾਰੀ ਕੀਤੀਆਂ ਗਈਆਂ ਹਨ ਉਹ ਕੰਪਿਊਟਰ ਫੈਕਲਟੀ ਅਤੇ ਨਾਨ ਟੀਚਿੰਗ ਸਟਾਫ ਤੇ ਬਦਲੀਆਂ ਲਈ ਲਾਗੂ ਹੋਣਗੀਆਂ।

3.0 ਸਾਲ 2025 ਦੌਰਾਨ ਮੀਮੋ ਨੰ. Transfer Cell/2025/322388/2146 ਮਿਤੀ 06.06.2025 ਅਤੇ Transfer Cell/2025/322388/2150 ਮਿਤੀ 19.06.2025 ਅਤੇ Transfer Cell/2025/322388/2157 ਮਿਤੀ 07.07.2025 ਰਾਹੀਂ ਜਾਰੀ ਜਨਤਕ ਸੂਚਨਾਂ ਰਾਹੀਂ ਅਧਿਆਪਕਾਂ, ਕੰਪਿਊਟਰ ਫੈਕਲਟੀ ਅਤੇ ਨਾਨ ਟੀਚਿੰਗ ਸਟਾਫ ਜੋ ਪਾਲਿਸੀ ਅਨਸਾਰ ਕਵਰ ਹੁੰਦੇ ਹਨ ਅਤੇ ਬਦਲੀ ਕਰਵਾਉਣਾ ਚਾਹੁੰਦੇ ਹਨ ਉਹਨਾਂ ਤੋਂ ਬਦਲੀ ਲਈ ਆਨਲਾਈਨ ਬੇਨਤੀਆਂ ਮਿਤੀ 13.06.2025/21.06.2025/10.07.2025 ਤੱਕ ਮੰਗੀਆਂ ਗਈਆਂ ਸਨ। ਦਰਖਾਸਤਕਰਤਾਵਾਂ ਵਲੋਂ ਈ ਪੰਜਾਬ ਪੋਰਟਲ ਤੇ ਆਪਣੇ ਵੇਰਵੇ ਜਿਵੇਂ ਕਿ General Details, Results, Service Record ਭਰੇ ਗਏ ਹਨ।

4.0 ਦਰਖਾਸਤ ਕਰਤਾਵਾਂ ਵਲੋਂ ਬਦਲੀ ਲਈ ਬੇਨਤੀ ਕਰਦੇ ਸਮੇਂ ਜੋ ਡਾਟਾ ਭਰਿਆ ਗਿਆ ਸੀ ਉਸ ਦੀ ਤਸਦੀਕ ਸਕੂਲ ਮੁੱਖੀ/ਡੀ.ਡੀ.ਓ ਵਲੋਂ ਮਿਤੀ 12.08.2024/22.06.2025/11.07.2025 ਤੱਕ ਕੀਤੀ ਗਈ ਸੀ।

5.0 ਵਿਭਾਗ ਵਲੋਂ ਬਦਲੀਆਂ ਦੇ ਪਹਿਲੇ ਗੇੜ ਦੌਰਾਨ ਜਿਲ੍ਹੇ ਦੇ ਅੰਦਰ (Within District) ਬਦਲੀਆਂ ਕੀਤੀਆਂ ਜਾਣੀਆਂ ਹਨ। ਜਿੰਨਾਂ ਦਰਖਾਸਤਕਰਤਾਵਾਂ ਨੇ ਬਦਲੀ ਲਈ ਬੇਨਤੀ ਦਿੱਤੀ ਹੈ ਅਤੇ ਉਹ ਜਿਲ੍ਹੇ ਦੇ ਅੰਦਰ (Within District) ਬਦਲੀ ਕਰਵਾਉਣਾ ਚਾਹੁੰਦੇ ਹਨ ਤਾਂ ਉਹ ਈ ਪੰਜਾਬ ਪੋਰਟਲ ਤੇ ਲਾਗ ਇਨ ਕਰਕੇ ਬਦਲੀ ਲਈ Station Choice ਮਿਤੀ 05.08.2025 ਤੋਂ 06.08.2025 ਤੱਕ ਦੇ ਸਕਦੇ ਹਨ। ਬਦਲੀ ਲਈ ਉਪਲਬਧ ਖਾਲੀ ਅਸਾਮੀਆਂ ਦੀ ਸੂਚੀ ਈ ਪੰਜਾਬ ਪੋਰਟਲ ਤੇ Log in ਕਰਕੇ Transfer Menu ਵਿੱਚ Station Choice ਲਿੰਕ ਤੇ ਦਰਸਾਈ ਜਾਵੇਗੀ। Station Choice ਇਹਨਾਂ ਉਪਲਬਧ ਖਾਲੀ ਸਟੇਸ਼ਨਾਂ ਵਿਚੋਂ ਹੀ ਕੀਤੀ ਜਾ ਸਕਦੀ ਹੈ।

6.0 ਜਿਹੜੇ ਅਧਿਆਪਕ/ਕਰਮਚਾਰੀ ਬਦਲੀ ਕਰਵਾਉਣ ਵਿੱਚ ਸਫਲ ਹੋ ਜਾਣਗੇ ਤਾਂ ਉਹਨਾਂ ਨੂੰ ਬਦਲੀ ਵਾਲੇ ਸਟੇਸ਼ਨ ਭਾਵ ਜਿੱਥੇ ਬਦਲੀ ਹੋਈ ਹੈ, ਵਿਖੇ ਜੁਆਇੰਨ ਕਰਨਾ ਲਾਜਮੀ ਹੋਵੇਗਾ, ਕਿਸੇ ਵੀ ਹਾਲਤ

Scanned with CamScanner

ਵਿੱਚ ਬਦਲੀ ਰੱਦ ਨਹੀਂ ਕੀਤੀ ਜਾਵੇਗੀ। ਇਸ ਲਈ ਅਧਿਆਪਕ/ਕਰਮਚਾਰੀ ਬਦਲੀ ਲਈ Station Choice ਬਹੁਤ ਹੀ ਧਿਆਨ ਪੂਰਵਕ ਕਰਨ।

7.0 ਜੇਕਰ ਕਿਸੇ ਅਧਿਆਪਕ/ਕੰਪਿਊਟਰ ਫੈਕਲਟੀ/ਵਲੰਟੀਅਰ ਨੂੰ ਬਦਲੀ ਲਈ ਆਨਲਾਈਨ Station Choice ਵਿੱਚ ਦਿੱਕਤ ਪੇਸ਼ ਆਉਂਦੀ ਹੈ ਤਾਂ ਉਹ ਜਿਲ੍ਹਾ ਐਮ.ਆਈ.ਐਸ ਕੋਆਰਡੀਨੇਟਰ ਦੀ ਮਦਦ ਲੈ ਸਕਦਾ ਹੈ, ਜਿੰਨਾਂ ਦੀ ਫੋਨ ਨੰਬਰਾਂ ਦੀ ਸੂਚੀ epunjabschool portalਤੇ ਉਪਲਬਧ ਹੈ।

04/08/25

ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ

Scanned with CamScanner